# ਈ-ਨਿਲਾਮੀ

## ਦਫਤਰ ਨਗਰ ਸੁਧਾਰ ਟਰੱਸਟ ਅੰਮ੍ਰਿਤਸਰ।

ਮਾਨਯੋਗ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਜੀ ਦੀ ਰਹਿਨੁਮਾਈ ਹੇਠ ਅਤੇ ਸਥਾਨਕ ਸਰਕਾਰਾਂ ਮੰਤਰੀ ਸ੍ਰੀ ਸੰਜੀਵ ਅਰੋੜਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ ਆਪਣੀਆਂ ਸ਼ਾਨਦਾਰ ਅਤੇ ਵਿਕਸਤ ਸਕੀਮਾਂ/ਕਲੋਨੀਆਂ ਵਿੱਚ ਆਮ ਪਬਲਿਕ ਦੀਆਂ ਪਸੰਦ ਦੀਆਂ ਰਿਹਾਇਸ਼ੀ ਅਤੇ ਕਮਰਸ਼ੀਅਲ ਜਾਇਦਾਦਾਂ ਦੀ ਈ-ਆਕਸ਼ਨ ਫ੍ਰੀ-ਹੋਲਡ ਆਧਾਰ ਤੇ ਕਰ ਰਿਹਾ ਹੈ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | |
|---|---|
| ਬਿਡੱਰ ਲਈ ਰਜਿਸਟਰੇਸ਼ਨ ਸ਼ੁਰੂ ਹੋਣ ਅਤੇ ਬਿਆਨਾ ਰਕਮ ਜਮ੍ਹਾ ਕਰਵਾਉਣ ਦੀ ਮਿਤੀ ਅਤੇ ਸਮਾਂ | 12-02-2026 ਸਵੇਰੇ 10.00 ਵਜੇ ਤੋਂ |
| ਬਿਡੱਰ ਲਈ ਰਜਿਸਟਰੇਸ਼ਨ ਬੰਦ ਹੋਣ ਅਤੇ ਬਿਆਨਾ ਰਕਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਅਤੇ ਸਮਾਂ | 16-03-2026 ਸ਼ਾਮ 5.00 ਵਜੇ ਤੱਕ |
| ਆਨਲਾਈਨ ਬਿੱਡ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ: | 17-03-2026 ਸਵੇਰੇ 10.00 ਵਜੇ ਤੋਂ |
| ਆਨਲਾਈਨ ਬਿੱਡ ਬੰਦ ਹੋਣ ਦੀ ਮਿਤੀ ਅਤੇ ਸਮਾਂ: | 19-03-2026 ਸ਼ਾਮ 5.00 ਵਜੇ ਤੱਕ |
| ਈ-ਨਿਲਾਮੀ ਪੋਰਟਲ : | www.tenderwizard.com/DLGP |

| ਲੜੀ ਨੰ: | ਜਾਇਦਾਦ ਦੀ ਕਿਸਮ | ਜਾਇਦਾਦ ਦਾ ਨੰਬਰ | ਸਕੀਮ ਦਾ ਨਾਂ | ਰਕਬਾ | ਰਾਖਵੀ ਕੀਮਤ (ਰੁ: ਵਿੱਚ) | ਬਿਆਨਾ ਰਕਮ (ਰੁ: ਵਿੱਚ) ਪ੍ਰਤੀ ਯੂਨੀਟ | ਕੁੱਲ ਕੀਮਤ, ਜਿਸ ਰਕਮ ਤੋ ਬੋਲੀ ਸ਼ੁਰੂ ਕੀਤੀ ਜਾਣੀ ਹੈ। (ਪ੍ਰਤੀ ਯੂਨੀਟ) |
|---|---|---|---|---|---|---|---|
| 1 | ਐਸ.ਸੀ.ੳ ਸਾਈਟ ਕਮਰਸ਼ੀਅਲ (ਕੁਲ-19) | 84, 89 ਤੋ 93, 141, 156, 166, 179, 182 ਤੋ 190 | 97 ਏਕੜ | 121 ਵ: ਗਜ | 2,75,625/- ਰੁ: ਪ੍ਰਤੀ ਵਰਗ ਗਜ | 16,67,531/-ਰੁ: | 3,33,50,625/- ਰੁ: |
| 2 | ਬੂਥ ਸਾਈਟ (ਕੁੱਲ-6) | 14, 15, 16, 18, 19, ਅਤੇ 20 | 97 ਏਕੜ | 22.68 ਵ: ਗਜ | 2,75,625/- ਰੁ: ਪ੍ਰਤੀ ਵਰਗ ਗਜ | 3,12,559/-ਰੁ: | 62,51,175/-ਰੁ: |
| 3 | ਪਲਾਟ (ਰਿਹਾਇਸ਼ੀ) (ਕੁਲ-5) | ਬੀ-364 ਤੋਂ ਬੀ-366, ਬੀ-384 ਅਤੇ ਬੀ-403 | ਮਾਲ ਮੰਡੀ ਸਕੀਮ | 250 ਵ: ਵਜ | 23,540/-ਰੁ: ਪ੍ਰਤੀ ਵਰਗ ਗਜ | 2,94,250/-ਰੁ: | 58,85,000/-ਰੁ: |
| 4 | ਬਿਲਟ ਅਪ-ਸ਼ਾਪ (ਕਮਰਸ਼ੀਅਲ) ਕੁੱਲ-22 | 17, 18, 19 ਕਾਰਨਰ, 20 ਕਾਰਨ, 21 ਤੋ 38 | ਮਾਲ ਮੰਡੀ ਸਕੀਮ | 83.33 ਵ: ਗਜ | 56,77,280/ -ਰੁ: ਪ੍ਰਤੀ ਯੂਨੀਟ | 2,83.864/-ਰੁ: | 56,77,280/-ਰੁ: ਪ੍ਰਤੀ ਯੂਨਿਟ |
| 5 | ਬੂਕਿੰਗ ਏਜ਼ਸੀ ਸਾਇਟ ਕੁਲ-1 (ਕਮਰਸ਼ੀਅਲ) | 24 | ਟਰੱਕ ਸਟੈਂਡ ਸਕੀਮ | 500 ਵ: ਗਜ | 42,500/-ਰੁ: ਪ੍ਰਤੀ ਵਰਗ ਗਜ | 10,62,500/-ਰੁ: | 2.12,50,000/- ਰੁ: |
| 6 | ਬਿਲਟ-ਅਪ ਐਸ.ਸੀ.ਐਫ (ਕਮਰਸ਼ੀਅਲ) ਕੁੱਲ-19 | 135 ਤੋ 142 ਅਤੇ 145 ਤੋ 155 | ਟਰੱਕ ਸਟੈਂਡ ਸਕੀਮ | 121 ਵ: ਗਜ | 57,75,000/ -ਰੁ: ਪ੍ਰਤੀ ਯੂਨੀਟ | 2,87,500/-ਰੁ: | 57,75,000/-ਰੁ: |
| 7 | ਐਸ.ਸੀ.ਐਫ ਸਾਈਟ (ਕਮਰਸ਼ੀਅਲ) ਕੁੱਲ-1 | 72 | ਟਰੱਕ ਸਟੈਂਡ ਸਕੀਮ | 115 ਵ: ਗਜ | 42,500/-ਰੁ: ਪ੍ਰਤੀ ਵਰਗ ਗਜ | 2,44,375/-ਰੁ: | 48,87,500/-ਰੁ: |
| 8 | ਬੁਕਿੰਗ ਏਜੰਸੀ ਸਾਈਟ (ਕਮਰਸ਼ੀਅਲ) ਕੁੱਲ-2 | 128 ਅਤੇ 129 | ਟਰੱਕ ਸਟੈਡ ਸਕੀਮ | 302 ਵ: ਗਜ | 42,500/-ਰੁ: ਪ੍ਰਤੀ ਵਰਗ ਗਜ | 6,41,750/-ਰੁ | 1,28,35,000/- ਰੁ: |
| 9 | ਲਾਈਟ ਐਡ ਸਾਊਂਡ ਸਰਵਿਸ (ਸਾਈਟ) ਕੁੱਲ-5 | 4 ਤੋ 8 | ਟਰੱਕ ਸਟੈਡ ਸਕੀਮ | 477.77 ਵ: ਗਜ | 42,500/-ਰੁ: ਪ੍ਰਤੀ ਵਰਗ ਗਜ | 10,15,261/-ਰੁ: | 2,03,05,525/- ਰੁ: |

Scanned with OKEN Scanner

ਨੋਟ:-1 ਇਹ ਨਿਲਾਮੀ ਪੰਜਾਬ ਟਾਊਨ ਇੰਮਪਰੂਮੈਂਟ ਐਕਟ 1922(ਯੂਟੀਲਾਈਜੇਸ਼ਨ ਆਫ ਲੈਂਡ ਅਲਾਟਮੈਂਟ ਆਫ ਪਲਾਟਜ਼) ਰੂਲਜ 1983, ਦੀ ਸੋਧ, ਪੰਜਾਬ ਮੈਨੇਜਮੈਂਟ ਐਂਡ ਟਰਾਂਸਫਰ ਆਫ ਮਿਉਂਸਪਲ ਪ੍ਰਾਪਰਟੀਜ਼ ਐਕਟ 2020 ਅਤੇ ਪੰਜਾਬ ਮੈਨੇਜਮੈਂਟ ਐਂਡ ਟਰਾਂਸਫਰ ਆਫ ਮਿਉਂਸਪਲ ਪ੍ਰਾਪਰਟੀਜ਼ ਰੂਲਜ 2021 ਦੀ ਪਹਿਲੀ ਸੋਧ ਮਿਤੀ 18/6/2025 ਅਨੁਸਾਰ ਕੀਤੀ ਜਾ ਰਹੀ ਹੈ।। ਜਿਸ ਅਨੁਸਾਰ ਹੁਣ ਸਫਲ ਬੋਲੀਕਾਰ ਨੂੰ ਆਪਣੀ ਖਰੀਦੀ ਹੋਈ ਜਾਇਦਾਦ ਦੀ ਕੁਲ ਕੀਮਤ ਦਾ 25 ਪ੍ਰਤੀਸ਼ਤ ਰਕਮ (ਬਿਆਨਾ ਰਕਮ ਅਡਜੱਸਟ ਕਰਕੇ) + ਕੁਲ ਕੀਮਤ ਤੇ ਬਣਦਾ 6 ਪ੍ਰਤੀਸ਼ਤ ਸੈਸ (4 ਪ੍ਰਤੀਸ਼ਤ ਜਰਨਲ ਸੈਸ ਅਤੇ 2 ਪ੍ਰਤੀਸ਼ਤ ਕੈਂਸਰ ਸੈਸ) ਸਮੇਤ ਮਿਸਲੇਨੀਅਸ ਚਾਰਜਿਜ਼ 500/-ਰੁ:, ਅਲਾਟਮੈਂਟ ਦੀ ਮਿਤੀ ਤੋਂ 45 ਦਿਨਾਂ ਦੇ ਅੰਦਰ-ਅੰਦਰ ਟ੍ਰਸਟ ਖਾਤੇ ਵਿਚ ਜਮ੍ਹਾ ਕਰਵਾਉਣੀ ਪਵੇਗੀ। ਜੇਕਰ ਬੋਲੀਕਾਰ ਇਹ ਰਕਮ ਮਿਥੇ ਸਮੇਂ ਦੇ ਅੰਦਰ-ਅੰਦਰ ਜਮ੍ਹਾ ਨਹੀ ਕਰਵਾਉਂਦਾ ਹੈ ਤਾਂ ਜਾਇਦਾਦ ਨੂੰ ਟਰੱਸਟ ਦੇ ਹੱਕ ਵਿਚ ਜ਼ਬਤ ਕਰ ਲਿਆ ਜਾਵੇਗਾ।

2. ਸਫਲ ਬੋਲੀਕਾਰ ਆਪਣੀ ਖਰੀਦੀ ਹੋਈ ਜਾਇਦਾਦ ਦੀ ਬਕਾਇਆ 75 ਪ੍ਰਤੀਸ਼ਤ ਰਕਮ 9.5 ਪ੍ਰਤੀਸ਼ਤ ਸਲਾਨਾ ਵਿਆਜ ਸਹਿਤ 3 ਬਰਾਬਰ ਕਿਸ਼ਤਾ ਅਲਾਟਮੈਂਟ ਦੀ ਮਿਤੀ ਤੋ 45 ਦਿਨ੍ਹਾਂ ਬਾਅਦ 45-45 ਦਿਨ੍ਹਾਂ ਦੀਆਂ ਤਿੰਨ ਕਿਸ਼ਤਾ ਅਨੁਸਾਰ ਟਰੱਸਟ ਦਫਤਰ ਵਿਖੇ ਜਮ੍ਹਾਂ ਕਰਵਾਉਣ ਦਾ ਪਾਬੰਧ ਹੋਵੇਗਾ।

3. ਸਫਲ ਬੋਲੀ ਵਾਲੀ ਜਾਇਦਾਦ ਵਿਚ ਘੱਟ ਤੋ ਘੱਟ ਤਿੰਨ ਬੋਲੀਆਂ ਵੱਖਰੇ-ਵੱਖਰੇ ਬੋਲੀਕਾਰਾਂ ਵੱਲੋਂ ਆਈਆਂ ਹੋਣੀਆਂ ਲਾਜ਼ਮੀ ਹਨ। ਤਿੰਨ ਬੋਲੀਆਂ ਤੋ ਘੱਟ ਵਾਲੀ ਜਾਇਦਾਦ ਦੀ ਬੋਲੀ ਸਵੀਕਾਰ ਨਹੀ ਕੀਤੀ ਜਾਵੇਗੀ।

4. ਹਰ ਇਕ ਬੋਲੀਕਾਰ ਦਾ ਆਈ.ਪੀ ਐਡਰੈਸ ਵੱਖਰਾ-ਵੱਖਰਾ ਹੋਣਾ ਚਾਹੀਦਾ ਹੈ। ਇਕੋ ਆਈ.ਪੀ. ਐਡਰੈਸ ਵਾਲੀ ਬੋਲੀ ਨੂੰ ਸਵੀਕਾਰ ਨਹੀ ਕੀਤਾ ਜਾਵੇਗਾ।

5. ਜੇਕਰ ਕਿਸੇ ਜਾਇਦਾਦ ਦਾ ਕੋਈ ਕੋਰਟ ਕੇਸ, ਕੋਈ ਝਗੜਾ ਜਾਂ ਕੋਈ ਹੋਰ ਅੜਚਣ ਆਦਿ ਉਜਾਗਰ ਹੁੰਦਾ ਹੈ ਤਾਂ ਚੇਅਰਮੈਨ/ਕਾਰਜ ਸਾਧਕ ਅਫਸਰ, ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ ਨੂੰ ਉਹ ਸਬੰਧਤ ਜਾਇਦਾਦ ਨੂੰ ਨਿਲਾਮੀ ਵਿਚੋਂ ਬਾਹਰ ਕੱਢਣ ਅਤੇ ਉਸ ਸਬੰਧੀ ਆਈ ਬੋਲੀ ਨੂੰ ਰੱਦ ਕਰਨ ਦਾ ਅਧਿਕਾਰ ਹੋਵੇਗਾ।

6. ਈ-ਆਕਸ਼ਨ ਸਬੰਧੀ ਸ਼ਰਤਾਂ ਅਤੇ ਹੋਰ ਜਾਣਕਾਰੀ https://www.tenderwizard.com/DLGP ਤੇ ਉਪਲੱਬਧ ਹੈ ਜਿਸ ਨੂੰ ਪੜ ਲਿਆ ਜਾਵੇ। ਇਸ ਤੋਂ ਇਲਾਵਾ ਨਿਲਾਮੀ ਸਬੰਧੀ ਜੇਕਰ ਕੋਈ ਹੋਰ ਜਾਣਕਾਰੀ ਲੋੜੀਦੀ ਹੋਵੇ ਤਾਂ ਟਰੱਸਟ ਦਫਤਰ ਦੇ ਸੁਪਰਡੰਟ ਸੇਲ ਜਿਨ੍ਹਾਂ ਦਾ ਮੋਬਾਇਲ ਨੰ: 98144-17676 ਦੇ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ।

ਰਾਜੇਸ਼ ਕੁਮਾਰ
ਕਾਰਜ਼ ਸਾਧਕ ਅਫਸਰ,
ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ।

ਕਰਮਜੀਤ ਸਿੰਘ ਸੰਧੂ,
ਚੇਅਰਮੈਨ,
ਨਗਰ ਸੁਧਾਰ ਟ੍ਰਸਟ, ਅੰਮ੍ਰਿਤਸਰ।

Scanned with OKEN Scanner